ਦਫਤਰ ਨਗਰ ਨਿਗਮ ਫਗਵਾੜਾ

OFFICE OF THE MUNICIPAL CORPORATION PHAGWARA

TOWN HALL PARK, PHAGWARA-144401

Office: 01824-260426

Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: ......454...  ਮਿਤੀ: ...16/02/23

ਵਿਸ਼ਾ:- **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 14/02/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 08 ਮਿਤੀ 14/02/2023 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਪਿੱਠ ਅੰਕਣ ਨੰ: 455-458  ਮਿਤੀ: 16/02/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

Scanned with CamScanner

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ:14.02.2023 ਨੂੰ ਡਾ. ਨਯਨ, ਪੀ.ਸੀ.ਐਸ ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 08, 14.02.2023 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਕਿ ਪਿਛਲੇ ਕੁੱਝ ਸਮੇਂ ਤੋ ਗਉਸ਼ਾਲਾ ਬਜਾਰ ਵਿਖੇ ਬਰਸਾਤੀ ਪਾਣੀ ਦੀ ਨਿਕਾਸੀ ਵਿੱਚ ਸਮੱਸਿਆ ਆ ਰਹੀ ਹੈ। ਜਿਸ ਕਾਰਣ ਬਜਾਰ ਦੇ ਦੁਕਾਨਦਾਰਾਂ ਵੱਲੋ ਕਈ ਵਾਰ ਸ਼ਿਕਾਇਤ ਵੀ ਕੀਤੀ ਗਈ ਅਤੇ ਧਰਨਾ ਪ੍ਰਦਰਸ਼ਨ ਵੀ ਕੀਤਾ ਗਿਆ। ਜਿਸ ਤੋ ਬਾਅਦ ਉਕਤ ਜਗ੍ਹਾ ਦਾ ਨਿਗਰਾਨ ਇੰਜੀਨੀਅਰ ਨਗਰ ਨਿਗਮ ਫਗਵਾੜਾ ਜੀ ਵੱਲੋ ਮੌਕਾ ਦੇਖਿਆ ਗਿਆ। ਇਸ ਜਗ੍ਹਾ ਤੇ ਬਰਸਾਤੀ ਪਾਣੀ ਦੀ ਨਿਕਾਸੀ ਕਰਨ ਵਾਲਾ ਵੱਡਾ ਨਾਲਾ ਪੂਰੀ ਤਰ੍ਹਾ ਪਾਣੀ ਨਹੀ ਖਿੱਚ ਰਿਹਾ ਹੈ। ਕਿਉਕਿ ਇਹ ਨਾਲਾ ਪੂਰੀ ਤਰ੍ਹਾ ਗਾਰ ਅਤੇ ਪਲਾਸਟਿਕ ਨਾਲ ਭਰ ਚੁੱਕਿਆ ਹੈ, ਜਿਸ ਕਾਰਣ ਬਰਸਾਤ ਦੇ ਦਿਨਾ ਵਿੱਚ ਪਾਣੀ ਬੈਕ ਮਾਰ ਕੇ ਦੁਕਾਨਾ ਵਿੱਚ ਵੜ ਜਾਂਦਾ ਹੈ। ਪਿਛਲੇ ਕਾਫੀ ਸਮੇਂ ਤੋ ਇਸ ਨਾਲੇ ਦੀ ਸਫਾਈ ਨਹੀ ਕਰਾਈ ਗਈ ਹੈ। ਇਸ ਲਈ ਬਰਸਾਤਾ ਦੇ ਮੌਸਮ ਤੋ ਪਹਿਲਾ ਇਸ ਨਾਲੇ ਦੀ ਸਫਾਈ ਕਰਾਉਣੀ ਜਰੂਰੀ ਹੈ। ਉਕਤ ਜਗ੍ਹਾ ਤੇ ਸੂਪਰ-ਸੱਕਰ ਮਸ਼ੀਨ ਨਾਲ ਸਫਾਈ ਕਰਾਉਣ ਲਈ ਨਕਸ਼ੇ ਮੁਤਾਬਕ ਤਖਮੀਨਾ ਤਿਆਰ ਕਰ ਲਿਆ ਗਿਆ ਹੈ। ਗਉਸ਼ਾਲਾ ਰੋਡ ਤੇ ਮੌਜੂਦ ਏਕਮ ਕੁਲੈਕਸ਼ਨ ਦੇ ਨਾਲ ਵਾਲੇ ਜੰਗਲੇ ਤੋ ਲੈ ਕੇ ਨਿੰਮਾ ਵਾਲਾ ਚੌਂਕ ਤੱਕ ਇਸ ਨਾਲੇ ਦੀ ਲੰਬਾਈ ਤਕਰੀਬਨ 315 ਮੀਟਰ ਹੈ ਅਤੇ ਸੂਪਰ-ਸੱਕਰ ਮਸ਼ੀਨ ਨਾਲ 24X36 ਲਾਈਨ ਦੀ ਸਫਾਈ ਕਰਨ ਦਾ ਸਰਕਾਰ ਵੱਲੋ ਨਿਰਧਾਰਤ ਰੇਟ 1850/- ਰੁਪਏ ਪ੍ਰਤੀ ਮੀਟਰ ਹੈ। ਨਗਰ ਨਿਗਮ ਲੁਧਿਆਣਾ ਅਤੇ ਜਲੰਧਰ ਵਿੱਚ ਵੀ ਇਸ ਰੇਟ ਨਾਲ ਹੀ ਸੂਪਰ-ਸੱਕਰ ਮਸ਼ੀਨਾ ਚਲਾਈਆ | ---- | ਸੂਚਨਾ ਹਿੱਤ। |

Scanned with CamScanner

| | | | | |
|---|---|---|---|---|
| | | ਜਾ ਰਹੀਆ ਹਨ। ਉਕਤ ਅਨੁਸਾਰ ਜੇਕਰ ਇਸ ਨਾਲੇ ਦੀ ਸੁਪਰ-ਸੱਕਰ ਮਸ਼ੀਨ ਨਾਲ ਸਫਾਈ ਕਰਾਈ ਜਾਵੇ ਤਾਂ ਲਗਭਗ 582750/- ਰੁਪਏ ਜਮਾਂ 10% ਦਾ ਖਰਚ ਆਉਣ ਦੀ ਸੰਭਾਵਨਾ ਹੈ। ਇਸ ਲਈ ਇਸ ਕੰਮ ਨੂੰ ਕਰਾਉਣ ਲਈ ਹਾਉਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/MEO/DA/334 ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਨੂੰ ਦਿੱਤੀਆ ਗਈਆ ਸਨ। ਇਸ ਲਈ ਨਗਰ ਨਿਗਮ ਫਗਵਾੜਾ ਵਿਖੇ ਮਤਿਆਂ ਸਬੰਧੀ ਮਾਨਯੋਗ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਦੇ ਹੁਕਮ ਨੰ. 4105 ਮਿਤੀ 13.12.2022 ਰਾਹੀਂ ਬਣਾਈ ਗਈ Resolution Committee ਵਲੋਂ ਉਕਤ ਸਬੰਧੀ ਮਤਾ ਪਾਉਣ ਲਈ ਦਿੱਤੀ ਗਈ ਪ੍ਰਵਾਨਗੀ ਉਪਰੰਤ ਰਿਪੋਰਟ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ। | | |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ

Scanned with CamScanner